


# ਇਕ ਸੀ ਰਾਜ ਬਰਾੜ !

ਕੁਲਵਿੰਦਰ ਤਾਰੇਵਾਲਾ



ਰਾਜ ਬਰਾੜ ਨੇ ਆਪਣਾ ਸਫਰ ਇਕ ਗੀਤਕਾਰ ਦੇ ਤੋਰ ਤੇ ਸ਼ੁਰੂ ਕੀਤਾ ਸੀ । ਉਸਦੀ ਕਲਮ 'ਚੋਂ ਨਿਕਲੇ ਗੀਤ ਹਰ ਗਾਇਕ ਨੇ ਗਾਏ। ਰਾਜ ਬਰਾੜ ਬਹੁਤ ਹੀ ਮਿਲਣਸਾਰ ਬੰਦਾ ਸੀ ਉਹ ਹਮੇਸ਼ਾਂ ਗੀਤਕਾਰਾਂ ਨੂੰ ਬਣਦਾ ਹੱਕ ਨਾ ਮਿਲਣ ਕਾਰਣ ਚਿੰਤਤ ਰਹਿੰਦਾ ਸੀ।

ਹਰਭਜਨ ਮਾਨ ਦੀ ਅਵਾਜ਼ 'ਚ ਰਿਕਾਰਡ ਹੋਇਆ ਗੀਤ ਤੇਰੀ ਭਿੱਜ ਗਈ ਕੁੜਤੀ ਲਾਲ ਪਸੀਨੇ ਨਾਲ ਕੁੜੇ ਨਾਲ ਜਿਥੇ ਮਾਨ ਨੇ ਸੋਹਰਤ ਖੱਟੀ ਉਥੇ ਰਾਜ ਬਰਾੜ ਵੀ ਗੀਤਕਾਰੀ ਦੇ ਖੇਤਰ 'ਚ ਪੱਕੇ ਪੈਰੀ ਸਥਾਪਿਤ ਹੋ ਗਿਆ ਫਿਰ ਉਸਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ ਸੀ ਉਸ ਵਕਤ ਆਪਣੇ ਸਮਕਾਲੀ ਗੀਤਕਾਰ ਬਚਨ ਬੇਦਿਲ ਦੇ ਗੀਤਾਂ ਦੇ ਬਰਾਬਰ ਉਸਦੇ ਗੀਤ ਵੱਜਦੇ ਸਨ।


ਉਸ 'ਤੇ ਪਾਕਿਸਤਾਨੀ ਗੀਤ ਚੋਰੀ ਕਰਨ ਦੇ ਇਲਜਾਮ ਵੀ ਲੱਗਦੇ ਰਹੇ। ਬਾਦ 'ਚ ਰਾਜ ਬਰਾੜ ਗਾਇਕੀ ਦੇ ਖੇਤਰ 'ਚ ਕੁੱਦ ਪਿਆ ਤੇ ਗਾਇਕੀ 'ਚ ਵੀ ਸਿਖਰ ਕਰ ਦਿੱਤੀ। ਹਮੇਸ਼ਾਂ ਕੁਝ ਨਵਾਂ ਕਰਨ ਦਾ ਦਹੀਆ ਕਰਨ ਵਾਲਾ ਰਾਜ ਬਰਾੜ ਸੋਲੋ ਗਾਇਕੀ 'ਚ ਸਥਾਪਿਤ ਹੋਣ ਦੇ ਬਾਵਜੂਦ ਰਾਜ ਬਰਾੜ ਨੇ ਦੋਗਾਣਾ ਗਾਇਕੀ ਨੂੰ ਮੁੜ ਸੁਰਜੀਤ ਕਰਨ ਦੇ ਮਨਸਾ ਨਾਲ ਦੋਗਾਣਾ ਗੀਤਾਂ ਦੀ ਕੈਸਿਟ ਕੱਢ ਮਾਰੀ। ਹਰੇਕ ਗਭੱਰੂ ਦੇ ਟਰੈਕਟਰ ਤੇ ਡੈਕ 'ਚ ਉਸਦੇ ਦੋਗਾਣਾ ਗੀਤਾਂ ਦੀ ਰੀਲ ਚਲਦੀ ਸੀ।

ਰਾਜ ਬਰਾੜ ਇਕ ਮੂੰਹ ਫੱਟ ਇਨਸਾਨ ਵੀ ਸੀ। 89-90 ਦੀ ਗੱਲ ਹੈ ਸ਼ਾਇਦ ਰਾਜ ਬਰਾੜ ਦੀ ਕੈਸਿਟ ਸਾਡੇ ਵਾਰੀ ਰੰਗ ਮੁੱਕਿਆ ਆਈ ਸੀ ਤਾਂ ਰਾਜ ਬਰਾੜ ਕੁਝ ਕੁ ਹਉਮੈ 'ਚ ਵੀ ਆ ਗਿਆ ਸੀ ਜਦੋ ਜੱਜ ਸ਼ਰਮਾ ਤੇ ਗੁਰਮੇਲ ਭੱਟੀ ਨਾਲ ਆਪਣੀ ਕੰਟੈਸਾ ਕਾਰ 'ਚ ਮੋਗੇ ਰੀਲ ਵਿਕਰੇਤਾ ਕੋਲ ਆਇਆ ਤਾਂ ਕੁਝ ਬਹਿਸਬਾਜੀ ਅਨੁਸਾਰ ਸਾਰਾ ਮਾਲ ਚੁੱਕ ਕੇ ਲੈ ਗਿਆ।

ਜਦੋ ਰਾਜ ਬਰਾੜ ਨੇ ਫਿਲਮ ਬਣਾਈ ਜਵਾਨੀ ਜਿੰਦਾਬਾਦ ਜੋ ਨਹੀ ਚੱਲੀ ਤਾਂ ਅਚਾਨਕ ਡਿਪਰੈਸਨ 'ਚ ਚਲਾ ਗਿਆ ਤੇ ਲਗਾਤਾਰ ਸ਼ਰਾਬ ਪੀਣ ਨਾਲ ਟਾਈਫਾਈਡ ਹੋ ਗਿਆ। ਹਲਾਤ ਇਥੋ ਤੱਕ ਬਦਤਰ ਹੋ ਗਏ ਕਿ ਆਪਣਾ ਇਲਾਜ ਕਰਵਾਉਣ ਲਈ ਬੱਧਨੀ ਕਲਾਂ ਇਕ ਝੋਲਾ ਛਾਪ ਡਾਕਟਰ ਕੋਲੇ ਆ ਗਿਆ। ਮੈਂ ਕਿਸੇ ਅਖਬਾਰੀ ਕੰਮ ਲਈ ਬੱਧਨੀ ਗਿਆ ਹੋਣ ਕਰਕੇ ਬੱਸ ਅੱਡੇ 'ਚ ਦਾਹੜੀ ਵਧੀ ਹੋਈ ਵਾਲਾ ਇਕ ਮਰੀਅਲ ਜਿਹਾ ਗੱਭਰੂ ਕੋਲ ਆ ਕੇ ਕਹਿੰਦਾ ਕਿਵੇਂ ਆ ਕੁਲਵਿੰਦਰ ਤਾਂ ਮੈਂ ਹੈਰਾਨ ਹੋ ਗਿਆ। ਉਸਦੀ ਸਾਰੀ ਸਟੋਰੀ ਸੁਣੀ ਉਸਨੂੰ ਆਪਣੇ ਨਾਲ ਚੱਲਣ ਲਈ ਕਿਹਾ ਪਰ ਉਹ ਸ਼ਾਇਦ ਫਿਲਮ ਡਾਇਰੈਕਟ ਹਰਿੰਦਰ ਗਿੱਲ ਚੂਹੜਚੱਕ (ਜੋ ਮੇਰਾ ਕਾਲਜੀ ਯਾਰ ਹੈ) ਦੀ ਉਡੀਕ ਕਰ ਰਿਹਾ ਸੀ।

ਬਾਅਦ 'ਚ ਰਾਜ ਬਰਾੜ ਦੇ ਵਿਦੇਸ਼ੋ ਇਕ ਦੋ ਵਾਰੀ ਫੋਨ ਵੀ ਆਏ ਪਰ ਅੱਜ ਜਦੋ ਇਹ ਨਿਊਜ਼ ਪੜ੍ਹੀ ਤਾਂ ਪੈਰਾ ਥੱਲਿਉ ਜ਼ਮੀਨ ਖਿਸਕ ਗਈ ਇਸ ਇਨਸਾਨ ਤੋਂ ਹਜੇ ਭਰ ਜਵਾਨੀ 'ਚ ਤੁਰ ਜਾਣ ਦੀ ਉਮੀਦ ਨਹੀਂ ਸੀ। ਅਲਵਿਦਾ ਦੋਸਤਾ! ਤੇਰੀ ਰੂਹ ਨੂੰ ਸਕੂਨ ਮਿਲੇ।

# 'ਖ਼ਾਲਸਾ' ਫ਼ਿਲਮ ਦਾ ਨਿਰਮਾਤਾ : ਮੰਗਲ ਢਿੱਲੋਂ



ਪੰਜਾਬ ਦੀ ਧਰਤੀ ਤੇ ਜਨਮਿਆ ਮੰਗਲ ਢਿੱਲੋਂ ਅੱਜ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ। ਮੰਗਲ ਢਿੱਲੋਂ ਨੇ ਆਪਣੀ ਅਦਾਕਾਰੀ ਦਾ ਸਫ਼ਰ "ਬੁਨਿਆਦ" ਸੀਰੀਅਲ ਤੋਂ ਸ਼ੁਰੂ ਕੀਤਾ ਤੇ ਹੁਣ ਤੱਕ ਉਹ ਤਕਰੀਬਨ 35 ਫ਼ਿਲਮਾਂ ਅਤੇ 40-45 ਸੀਰੀਅਲਜ਼ ਵਿਚ ਕੰਮ ਕਰ ਚੁੱਕਾ ਹੈ। ਖਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਨੂੰ ਸਮਰਪਿਤ ਫ਼ਿਲਮ ਖਾਲਸਾ ਬਣਾ ਕੇ ਉਸ ਨੇ ਬੇਹੱਦ 'ਨਾਮ' ਖੱਟਿਆ ਹੈ। ਇਸ ਫ਼ਿਲਮ ਨੂੰ ਉਸ ਨੇ ਕਈ ਸ਼ਹਿਰਾਂ ਤੇ ਕਸਬਿਆਂ ਵਿਚ ਬਿਲਕੁੱਲ ਮੁਫ਼ਤ ਵਿਖਾਇਆ। ਇਹ ਉਸ ਦੀ ਸਿੱਖ ਪੰਥ ਪ੍ਰਤੀ ਸ਼ਰਧਾ ਦਾ ਪ੍ਰਮਾਨ ਹੈ।

ਮੰਗਲ ਢਿੱਲੋਂ ਦਾ ਜਨਮ ਪਿੰਡ ਵਾਂਦਰ ਜਟਾਣਾ ਜ਼ਿਲ੍ਹਾ ਫਰੀਦਕੋਟ ਵਿਖੇ ਸ. ਤੇਜਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਜਗੀਰ ਕੌਰ ਦੀ ਕੁੱਖੋਂ ਹੋਇਆ। ਢਿੱਲੋਂ ਸਾਹਿਬ ਦਾ ਫਾਰਮ ਯੂ.ਪੀ. ਵਿਚ ਹੋਣ ਕਰਕੇ ਮੈਟ੍ਰਿਕ ਤੱਕ ਦੀ ਪੜ੍ਹਾਈ ਯੂ.ਪੀ. ਤੋਂ ਹੀ ਕੀਤੀ ਅਤੇ ਬੀ.ਏ. ਮੁਕਤਸਰ ਤੋਂ ਕੀਤੀ ਫੇਰ ਪੋਸਟ ਗਰੇਜੂਏਟ ਡਿਪਲੋਮਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਿਲ ਕੀਤਾ। ਅਦਾਕਾਰੀ ਦਾ ਗੁਣ ਪ੍ਰਮਾਤਮਾ ਵੱਲੋਂ ਹੀ ਬਖਸ਼ਿਸ਼ ਸੀ। ਸਕੂਲ/ਕਾਲਜ ਦੀ ਪੜ੍ਹਾਈ ਦੌਰਾਣ ਥੀਏਟਰ ਕਰਦਾ ਰਿਹਾ ਤੇ ਹੌਲੀ-ਹੌਲੀ ਟੀ.ਵੀ. ਵੱਲ ਚਲਾ ਗਿਆ। ਢਿੱਲੋਂ ਸਾਹਿਬ ਨੂੰ ਦਿੱਲੀ ਜਾ ਕੇ "ਬੁਨਿਆਦ" ਸੀਰੀਅਲ ਵਿਚ ਕੰਮ ਕਰਨ ਦਾ ਮੌਕਾ ਮਿਲਿਆ। "ਬੁਨਿਆਦ" ਸੀਰੀਅਲ ਦੇ ਜ਼ਰੀਏ ਬੰਬਈ ਪਹੁੰਚੇ ਤੇ ਉੱਥੇ ਜਾ ਕੇ ਫ਼ਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲ ਗਿਆ।

ਮੰਗਲ ਢਿੱਲੋਂ ਨੇ ਸੀਰੀਅਲ ਬੁਨਿਆਦ, ਨੂਰ ਜਹਾਂ, ਗੁਲ ਗੁਲਸ਼ਨ ਗੁਲਫਾਮ, ਪਰਮਵੀਰ ਚੱਕਰ, ਕਾਨੂੰਨ, ਘੁਟਣ, ਮੁਜਰਮ ਹਾਜਰ ਹੈ, ਆਪਣੇ ਪਰਾਏ, ਕਿਸਮਤ ਤੇ ਪੱਥਰ ਆਦਿ ਅਤੇ ਫ਼ਿਲਮਾਂ ਨਾਗਮਣੀ, ਆਪਣਾ ਦੇਸ ਪਰਾਏ ਲੋਗ, ਖ਼ੂਨ ਭਰੀ ਮਾਂਗ, ਜ਼ਖ਼ਮੀ ਔਰਤ, ਵਿਸ਼ਵ ਆਤਮਾ ਆਦਿ ਵਿਚ ਵਿਸ਼ੇਸ਼ ਕਰਕੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਕਹਿੰਦੇ ਹਨ ਕਿ ਮੌਕੇ ਅਤੇ ਸੱਬਬ ਬੰਦੇ ਦੀ ਜ਼ਿੰਦਗੀ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸੇ ਅਨੁਸਾਰ ਮੰਗਲ ਢਿੱਲੋਂ ਨੇ ਕਿਤਾਬ "ਪੰਜਾਬ ਪਰਾਬਲਮ ਕਾਜਿਜ਼ ਐਂਡ ਕੁਇਅਰ" ਪੜ੍ਹੀ। ਉਸਨੂੰ ਪੜ ਕੇ ਢਿੱਲੋਂ ਸਾਹਿਬ ਤੇ ਗਹਿਰਾ ਅਸਰ ਹੋਇਆ। ਫੇਰ ਸਿੱਖ ਧਰਮ ਤੇ 6-7 ਸਾਲ ਖੋਜ ਕੀਤੀ। ਸਿੱਖਾਂ ਨਾਲ ਜੋ ਜ਼ਿਆਦਤੀਆਂ ਹੋਈਆਂ ਉਨ੍ਹਾਂ ਨੇ ਮੰਗਲ ਢਿੱਲੋਂ ਨੂੰ ਬਹੁਤ ਪ੍ਰਭਾਵਤ ਕੀਤਾ ਤੇ ਢਿੱਲੋਂ ਸਾਹਿਬ ਇਸ ਗੱਲ ਤੋਂ ਪ੍ਰਭਾਵਤ ਹੋ ਕੇ ਸਿੱਖ ਧਰਮ ਤੇ ਪ੍ਰਚਾਰ ਤੇ ਵਿਸਥਾਰ ਲਈ ਕੰਮ ਆਰੰਭ ਕੀਤਾ।


ਇਸੇ ਮੁਹਿਮ ਤਹਿਤ ਮੰਗਲ ਢਿੱਲੋਂ ਨੇ "ਖਾਲਸਾ" ਫ਼ਿਲਮ ਦਾ ਨਿਰਮਾਣ ਕੀਤਾ। ਚਾਹੇ ਇਸ ਫ਼ਿਲਮ ਦੇ ਨਿਰਮਾਣ ਕਾਰਨ ਢਿੱਲੋਂ ਨੂੰ ਆਰਥਿਕ ਨੁਕਸਾਨ ਝੱਲਣਾ ਪਿਆ ਪਰ ਲੋਕਾਂ ਦੁਆਰਾ ਮਿਲੇ ਪਿਆਰ ਅਤੇ ਸਹਿਯੋਗ ਕਾਰਨ ਢਿੱਲੋਂ ਸਾਹਿਬ ਦੇ ਹੌਸਲੇ ਬੁਲੰਦ ਰਹੇ। ਇਸੇ ਮੁਹਿਮ ਨੂੰ ਅਗਾਂਹ ਤੋਰਦੇ ਹੋਏ ਇਹ ਉਨ੍ਹਾਂ ਨੇ ਦੋ ਡਾਕੂਮੈਂਟਰੀ ਫ਼ਿਲਮਾਂ "ਸਿੱਖੀ ਮਹਾਨ" ਅਤੇ "ਹਰਮੰਦਰ ਸਾਹਿਬ ਵਿਖੇ ਇਕ ਦਿਨ" ਮੁਕੰਮਲ ਕੀਤੀਆਂ।

ਮੰਗਲ ਢਿੱਲੋਂ ਨੂੰ ਅਦਾਕਾਰੀ ਤੋਂ ਇਲਾਵਾ ਕਵਿਤਾ ਲਿਖਣ ਦਾ ਸ਼ੌਕ ਹੈ, ਹਿੰਦੀ ਫ਼ਿਲਮ ਹੀਰ-ਰਾਂਝਾ ਲਿਖੀ, ਜਿਸ ਵਿਚ ਅਨਿਲ ਕਪੂਰ ਤੇ ਸ੍ਰੀ ਦੇਵੀ ਨੇ ਕੰਮ ਕੀਤਾ। ਕਿਸਮਤ ਸੀਰੀਅਲ ਦੇ ਡਾਈਲਾਗ ਲਿਖੇ "ਪੱਥਰ" ਸੀਰੀਅਲ ਵਿਚ ਕੰਮ ਵੀ ਕੀਤਾ ਤੇ ਉਸ ਦੇ ਕਈ ਐਪੀਸੋਡ ਵੀ ਲਿਖੇ। ਖਾਲਸਾ ਫ਼ਿਲਮ ਵੀ ਮੰਗਲ ਢਿੱਲੋਂ ਨੇ ਆਪ ਹੀ ਲਿਖੀ। ਦੋ ਡਾਕੂਮੈਂਟਰੀ ਫ਼ਿਲਮਾਂ "ਸਿੱਖੀ ਮਹਾਨ" ਤੇ "ਹਰਮੰਦਰ ਸਾਹਿਬ ਵਿਖੇ ਇਕ ਦਿਨ" ਵੀ ਢਿੱਲੋਂ ਸਾਹਿਬ ਦੀ ਨਿਰਦੇਸ਼ਨਾ ਹੇਠ ਬਣੀਆਂ ਅਤੇ ਉਨ੍ਹਾਂ ਦੇ ਨਿਰਮਾਣ ਵੀ ਢਿੱਲੋਂ ਸਾਹਿਬ ਨੇ ਹੀ ਕੀਤਾ ਹੈ।

ਪ੍ਰਮਾਤਮਾ ਸਾਡੇ ਵੱਡੇ ਵੀਰ ਮੰਗਲ ਢਿੱਲੋਂ ਲੰਮੀਆਂ ਉਮਰਾਂ ਬਖਸ਼ੇ ਤੇ ਇਸੇ ਤਰ੍ਹਾਂ ਸਿੱਖ ਧਰਮ ਦੀ ਪ੍ਰਫੁੱਲਤਾ ਵਿਚ ਆਪਣਾ ਅਹਿਮ ਯੋਗਦਾਨ, ਪਾਉਂਦ ਰਹਿਣ।

ਭਵਨਦੀਪ ਸਿੰਘ ਪੁਰਬਾ

# ਪ੍ਰਸਿੱਧ ਫਿਲਮੀ ਅਦਾਕਾਰ ਓਮਪੁਰੀ ਨਹੀਂ ਰਹੇ



ਫਿਲਮਾਂ 'ਚ ਆਪਣੀ ਕਲਾ ਦਾ ਲੋਹਾ ਮਨਵਾਉਣ ਵਾਲੇ ਅਦਾਕਾਰ ਓਮ ਪੁਰੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 66 ਵਰ੍ਹਿਆਂ ਦੇ ਸਨ।

ਇਸ ਖਬਰ ਨਾਲ ਫਿਲਮ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਓਮ ਪੁਰੀ ਦਾ ਜਨਮ 18 ਅਕਤੂਬਰ, 1950 ਵਿਚ ਪਟਿਆਲਾ, ਪੰਜਾਬ ਵਿਚ ਹੋਇਆ ਸੀ। ਓਮ ਪੁਰੀ ਨੇ 1976 ਵਿੱਚ ਫਿਲਮਾਂ ਵਿੱਚ ਕੰਮ ਕਰਨਾ ਸੁਰੂ ਕੀਤਾ ਅਤੇ ਉਨਾਂ ਦੀ ਪਹਿਲੀ ਫਿਲਮ ਘਾਹ ਰਾਮ ਕੋਤਵਾਲ ਸੀ। ਇਸ ਤੋਂ ਬਾਅਦ ਉਨਾਂ ਨੇ ਫਿਲਮਾਂ, ਟੀ. ਵੀ ਲੜੀਵਾਰ ਅਤੇ ਨਾਟਕਾਂ ਵਿੱਚ ਕੰਮ ਕੀਤਾ ਹੈ। ਹਿੰਦੀ ਅਤੇ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਇਲਾਵਾ ਉਨਾਂ ਨੇ ਸੱਤ ਤੋਂ ਵੱਧ ਅੰਗਰੇਜੀ ਫਿਲਮਾਂ ਵਿੱਚ ਵੀ ਕੰਮ ਕੀਤਾ ਜਿਨਾਂ ਦੇ ਵਿੱਚ ਸਿਟੀ ਆਫ਼ ਜਵਾਏ, ਦੀ ਪੇਰੋਲ ਆਫ਼ੀਸਰ, ਹੇਪੀ ਕਿਸ਼ਤੀ, ਦੀ ਜੋ ਕੀਪਰ, ਘੋਸਟ ਐਂਡ ਡਾਰਕਨਜ ਅਤੇ ਗਾਂਧੀ ਵਗੈਰਾ ਸ਼ਾਮਲ ਹਨ। ਇਸ ਦੇ ਇਲਾਵਾ ਉਨਾਂ ਨੇ ਈਸਟ ਅਜ ਈਸਟ, ਵਾਈਟ ਟੀਥ, ਅਤੇ ਕਨੱਟਰ ਬਰੀ ਟੇਲ ਜਿਵੇਂ ਅੰਗਰੇਜੀ ਟੀ.ਵੀ ਲੜੀਵਾਰਾਂ ਵਿੱਚ ਵੀ ਅਭਿਨੇਤਾ ਦੇ ਤੌਰ 'ਤੇ ਕੰਮ ਕੀਤਾ ਹੈ।